ਮਾਰਚ 13, 2020

ਸ੍ਰੀਮਾਨ ਮਾਪੇ ਅਤੇ ਗਾਰਡੀਅਨ,

ਬੁੱਧਵਾਰ ਨੂੰ ਵਿਸ਼ਵ ਸਿਹਤ ਸੰਸਥਾ ਨੇ ਪੁਸ਼ਟੀ ਕੀਤੀ ਸੀ ਕਿ ਕੋਵਿਡ-19 ਇੱਕ ਮਹਾਮਾਰੀ ਬਣ ਗਈ ਹੈ।ਇਸਦੇ ਨਾਲ ਹੀ ਸਮਾਜਕ ਅਤੇ ਸੱਭਿਆਚਾਰਕ ਪੱਧਰਾਂ ਤੇ ਬਹੁਤ ਵੱਡੀਆਂ ਤਬਦੀਲੀਆਂ ਦਿਖਾਈ ਦੇ ਰਹੀਆਂ ਹਨ ਜਿਹਨਾਂ ਦਾ ਸਿੱਧਾ ਅਸਰ ਸਾਡੀ ਨਿੱਜੀ ਅਤੇ ਕਿੱਤਾਕਾਰੀ ਦੁਨੀਆ ਦੇ ਪੈ ਰਿਹਾ ਹੈ। ਅੱਜ ਮੈਂ ਸਾਰੇ ਸਟਾਫ ਨੂੰ ਇੱਕ ਪੱਤਰ ਭੇਜ ਕੇ ਦੱਸਿਆ ਹੈ ਕਿ ਸਾਡੇ ਡਿਸਟ੍ਰਿਕਟ ਲਈ ਇਸਦੇ ਕੀ ਅਰਥ ਹਨ। ਇਸ ਉਪਰੰਤ ਮੈਂ ਮਾਪਿਆਂ ਅਤੇ ਗਾਰਡੀਅਨਾਂ ਨੂੰ ਇਸ ਪੱਤਰ ਰਾਹੀਂ ਜਾਣੂ ਕਰਾਉਣਾ ਚਾਹੁੰਦਾ ਹਾਂ ਕਿ ਸਾਡੀ ਕੀ ਯੋਜਨਾ ਹੈ, ਖਾਸ ਕਰਕੇ ਇਸ ਮੌਕੇ ਜਦੋਂ ਬਸੰਤ ਰੁੱਤ ਦੀਆਂ ਛੁੱਟੀਆਂ ਨੇੜੇ ਹਨ।

ਜਿਵੇਂ ਕਿ ਤੁਸੀਂ ਸਮਝ ਸਕਦੇ ਹੋ, ਸਾਡੇ ਲਈ ਸਭ ਤੋਂ ਅਹਿਮ ਗੱਲ ਇਹ ਹੈ ਕਿ ਅਸੀਂ ਆਪਣੇ ਸ਼ਹਿਰ ਲਈ ਬਿਹਤਰੀਨ ਸਿਖਿਆ ਪ੍ਰੋਗਰਾਮ ਜਾਰੀ ਰੱਖੀਏ। ਮੈਨੂੰ ਆਪਣੇ ਸਕੂਲ ਜ਼ਿਲ੍ਹੇ, ਸਕੂਲਾਂ ਅਤੇ ਬ੍ਰਿਟਿਸ਼ ਕੋਲੰਬੀਆ ਦੇ ਪਬਲਿਕ ਐਜੂਕੇਸ਼ਨ ਤੇ ਮਾਣ ਹੈ। ਅਨੇਕਾਂ ਤਰੀਕਿਆਂ ਨਾਲ ਸਕੂਲ ਸਾਡੇ ਭਾਈਚਾਰੇ ਦੀ ਜਿੰਦ-ਜਾਨ ਹਨ ਅਤੇ ਇਸ ਹਫਤੇ ਦੀਆਂ ਘਟਨਾਵਾਂ ਨੇ ਮੈਨੂੰ ਇਹ ਗੱਲ ਪੂਰੀ ਤਰਾਂ ਮਹਿਸੂਸ ਕਰਾ ਦਿੱਤੀ ਹੈ।

ਬੀਤੇ 24 ਘੰਟਿਆਂ ਦੌਰਾਨ ਦੁਨੀਆਂ ਦੇ ਕਈ ਖੇਤਰਾਂ ਵਿੱਚ ਸਰਕਾਰੀ ਅਤੇ ਸਿਹਤ ਨੇਤਾਵਾਂ ਤੋਂ ਸਾਨੂੰ ਕੋਰੋਨਾ ਵਾਇਰਸ ਤੋਂ ਬਚਾਅ ਕਰਨ ਅਤੇ ਇਸਦੇ ਫੈਲਣ ਨੂੰ ਰੋਕਣ ਲਈ ਠੋਸ ਅਗਵਾਈ ਪ੍ਰਾਪਤ ਹੋਈ ਹੈ। ਬ੍ਰਿਟਿਸ਼ ਕੋਲੰਬੀਆ ਦੇ ਪਬਲਿਕ ਹੈਲਥ ਅਫਸਰ (ਪੀ ਐਚ ਓ) ਨੇ ਸਾਡੇ ਭਾਈਚਾਰਿਆਂ ਦੇ ਬਚਾਓ ਵਿੱਚ ਮੱਦਦ ਲਈ ਨਵੇਂ ਨਿਰਦੇਸ਼ਾਂ ਅਤੇ ਕਦਮਾਂ ਦਾ ਐਲਾਨ ਕੀਤਾ ਹੈ। ਖਾਸ ਤੌਰ ਤੇ, ਪਬਲਿਕ ਹੈਲਥ ਅਫਸਰ ਅਤੇ ਸਰਕਾਰ ਨੇ ਨਸੀਹਤ ਦਿੱਤੀ ਹੈ:

- ਬ੍ਰਿਟਿਸ਼ ਕੋਲੰਬੀਆ ਦੇ ਵਸਨੀਕਾਂ ਨੂੰ ਅਮਰੀਕਾ ਸਮੇਤ ਬਾਹਰਲੇ ਦੇਸ਼ਾਂ ਵਿੱਚ ਗੈਰ-ਜ਼ਰੂਰੀ ਤੌਰ ਤੇ ਜਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।
- ਕੈਨੇਡਾ ਤੋਂ ਬਾਹਰ ਗਿਆ ਵਿਅਕਤੀ ਵਾਪਸ ਆਉਣ ਤੇ 14 ਦਿਨਾਂ ਲਈ ਸਕੂਲ ਜਾਂ ਕੰਮ ਵਾਲੀ ਥਾਂ ਨਾ ਜਾਵੇ।
- ਪ੍ਰਬੰਧਕਾਂ ਨੂੰ ਅਜੇਹੇ ਸਮਾਗਮ ਰੱਦ ਕਰਨੇ ਚਾਹੀਦੇ ਹਨ ਜਿੱਥੇ 250 ਤੋਂ ਜ਼ਿਆਦਾ ਲੋਕ ਇਕੱਠੇ ਹੋਣ।

ਆਪਣੇ ਸਟਾਫ ਨੂੰ ਭੇਜੇ ਗਏ ਪੱਤਰ ਵਿੱਚ ਅਸੀਂ ਕਿਹਾ ਹੈ ਕਿ ਸਾਡੇ ਸਕੂਲਾਂ, ਵਿਦਿਆਰਥੀਆਂ ਅਤੇ ਪਰਿਵਾਰਾਂ ਦੀ ਸਿਹਤ ਲਈ ਅਤੇ ਸਾਡੇ ਭਾਈਚਾਰੇ ਵਿੱਚ ਸਾਡੀ ਵੱਡੀ ਭੂਮਿਕਾ ਦੇ ਮੱਦੇਨਜ਼ਰ ਇਹ ਜ਼ਰੂਰੀ ਹੈ ਕਿ ਅਸੀਂ ਪਬਲਿਕ ਹੈਲਥ ਦੇ ਨਿਰਦੇਸ਼ਾਂ ਦਾ ਪਾਲਣ ਕਰੀਏ।

ਅਮਰੀਕਾ ਦੇ ਗੁਆਂਢ ਵਿੱਚ ਰਹਿੰਦੇ ਹੋਣ ਕਰਕੇ, ਤੁਹਾਡੇ ਵਿੱਚੋਂ ਕਈਆਂ ਨੇ ਬਸੰਤ ਰੁੱਤ ਦੀਆਂ ਛੁੱਟੀਆਂ ਦੌਰਾਨ ਵਿਦੇਸ਼ਾਂ ਵਿੱਚ ਘੁੰਮਣ ਜਾਣ ਦੀਆਂ ਯੋਜਨਾਵਾਂ ਬਣਾਈਆਂ ਹੋਣਗੀਆਂ। **ਜੇ ਕੋਈ ਪਰਿਵਾਰ ਆਪਣੀ ਮਰਜ਼ੀ ਨਾਲ ਪਬਲਿਕ ਹੈਲਥ ਅਫਸਰ ਦੀ ਹਦਾਇਤ ਦੇ ਵਿਰੁੱਧ ਕੈਨੇਡਾ ਤੋਂ ਬਾਹਰ ਜਾਂਦੇ ਹਨ ਤਾਂ ਸਾਡੀ ਉਹਨਾਂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਤਾਕੀਦ ਹੈ ਕਿ ਉਹ ਵਾਪਸ ਮੁੜਨ ਤੇ 14 ਦਿਨ ਸਕੂਲ ਵਿੱਚ ਨਾ ਆਉਣ।** ਪਬਲਿਕ ਹੈਲਥ ਅਫਸਰ ਨੇ ਸਾਰੇ ਬੀ ਸੀ ਨਿਵਾਸੀਆਂ ਨੂੰ ਜ਼ੋਰ ਦੇ ਕੇ ਕਿਹਾ ਹੈ ਵਿਦੇਸ਼ ਜਾਣ ਦੀ ਮਨਾਹੀ ਦੀ ਪਾਲਣਾ ਕਰਨੀ ਸਾਡਾ ਨਾਗਰਿਕ ਦੇ ਤੌਰ ਤੇ ਫਰਜ਼ ਹੈ ਤਾਂ ਜੋ ਅਸੀਂ ਕੋਵਿਡ-19 ਨੂੰ ਫੈਲਣ ਤੋਂ ਰੋਕ ਸਕੀਏ। ਸਾਨੂੰ ਉਮੀਦ ਹੈ ਕਿ ਸਾਰੇ ਪਰਿਵਾਰ ਇਸ ਮਹਾਮਾਰੀ ਨੂੰ ਰੋਕਣ ਦੀ ਆਪਣੀ ਲੜਾਈ ਵਿੱਚ ਸਾਡੀ ਮਦਦ ਕਰਨਗੇ।

ਤੁਸੀਂ ਸਕੂਲਾਂ ਨੂੰ ਬੰਦ ਕਰਨ ਜਾਂ ਬਸੰਤ ਰੁੱਤ ਦੀਆਂ ਛੁੱਟੀਆਂ ਵਧਾਉਣ ਬਾਰੇ ਵੀ ਸੁਣਿਆ ਹੋਵੇਗਾ। ਪਬਲਿਕ ਹੈਲਥ ਅਫਸਰ ਦਾ ਕਹਿਣਾ ਹੈ ਕਿ ਇਸ ਸਮੇਂ ਸਕੂਲਾਂ ਨੂੰ ਬੰਦ ਕਰਨਾ ਉੱਚਿਤ ਜਾਂ ਸਮਝਦਾਰੀ ਵਾਲੀ ਗੱਲ ਨਹੀਂ ਹੋਵੇਗੀ। ਇਸ ਸਮੇਂ ਬਸੰਤ ਰੁੱਤ ਦੀਆਂ ਛੁੱਟੀਆਂ ਵਿੱਚ ਵਾਧਾ ਕਰਨ ਦੀ ਕੋਈ ਯੋਜਨਾ ਨਹੀਂ ਹੈ। ਬਸੰਤ ਰੁੱਤ ਦੀਆਂ ਛੁੱਟੀਆਂ ਦੌਰਾਨ ਪਬਲਿਕ ਹੈਲਥ ਅਧਿਕਾਰੀ ਅਤੇ ਮਨਿਸਟਰੀ ਆਫ ਐਜੂਕੇਸ਼ਨ ਸਕੂਲ ਜ਼ਿਲ੍ਹਿਆਂ ਨਾਲ ਮਿਲਕੇ ਮਹਾਮਾਰੀ ਤੇ ਨਿਗਾਹ ਰੱਖਦੇ ਰਹਿਣਗੇ ਅਤੇ ਲੋੜ ਅਨੁਸਾਰ ਹੋਰ ਢੁੱਕਵੇਂ ਕਦਮਾਂ ਤੇ ਗੌਰ ਕਰਨਗੇ।

ਵਿਸ਼ਵ ਸਿਹਤ ਸੰਸਥਾ ਨੇ ਮਹਾਮਾਰੀ ਦਾ ਐਲਾਨ ਕਰਦੇ ਹੋਏ ਕਿਹਾ ਹੈ ਕਿ ਮੌਜੂਦਾ ਹਾਲਾਤ ਨਾਲ ਨਿਪਟਣ ਲਈ ਸਾਡੇ ਵਿੱਚੋਂ ਹਰੇਕ ਨੂੰ ਮਿਲ-ਜੁਲ ਕੇ ਪ੍ਰਣ ਕਰਨਾ ਚਾਹੀਦਾ ਹੈ। ਅਸੀਂ ਜਾਣਦੇ ਹਾਂ ਕਿ ਉਕਤ ਸੁਨੇਹੇ ਕੇਵਲ ਸਾਡੇ ਲਈ ਹੀ ਨਹੀਂ ਸਗੋਂ ਸਾਡੇ ਸਾਰੇ ਪਰਿਵਾਰਾਂ ਅਤੇ ਵੱਡੇ ਭਾਈਚਾਰੇ ਲਈ ਵੀ ਬਹੁਤ ਅਹਿਮ ਹਨ। ਅਸੀਂ ਇਹ ਵੀ ਜਾਣਦੇ ਹਾਂ ਕਿ ਹਰ ਰੋਜ਼ ਨਵੀਂ ਜਾਣਕਾਰੀ ਮਿਲ ਰਹੀ ਹੈ।ਸਮਾਂ ਦੇਣ ਲਈ ਤੁਹਾਡਾ ਧੰਨਵਾਦ। ਸਮੇਂ ਸਮੇਂ ਤੇ ਹੋਰ ਜਾਣਕਾਰੀ ਲਈ ਸਾਡੀ ਵੈੱਬਸਾਈਟ ਨੂੰ ਵੇਖਦੇ ਰਹੋ।

ਅਖੀਰ ਤੇ, ਆਪਣੀ ਤੰਦਰੁਸਤੀ ਵੱਲ ਧਿਆਨ ਦੇਵੋ ਅਤੇ ਸਾਨੂੰ ਉਮੀਦ ਹੈ ਕਿ ਤੁਸੀਂ ਬਸੰਤ ਰੁੱਤ ਦੀਆਂ ਛੁੱਟੀਆਂ ਚੰਗੀ ਤਰਾਂ ਬਿਤਾਉਂਗੇ।

ਤੁਹਾਡਾ ਧੰਨਵਾਦ,

Jordan Tinney

Superintendent of Schools/CEO